ਰੀ.ਅੰਸ਼

ਨੰ: 25/18/18- ਭਮ-2/ 1861

ਪੰਜਾਬ ਸਰਕਾਰ

ਮਾਲ ਪੁਨਰਵਾਸ ਤੇ ਡਿਜ਼ਾਸਟਰ ਮੈਨੇਜਮੈਂਟ ਵਿਭਾਗ

(ਭੌ ਮਾਲੀਆ-2 ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ
ਸਮੂਹ ਵਿਭਾਗਾਂ ਦੇ ਮੁੱਖੀ

ਚੰਡੀਗੜ੍ਹ, ਮਿਤੀ 16-2-23

ਵਿਸ਼ਾ: ਲੈਂਡ ਐਕੂਜੀਸ਼ਨ ਐਕਟ ਤਹਿਤ ਐਕਵਾਇਰ ਹੋਈ ਜਮੀਨ ਦਾ ਇੰਤਕਾਲ ਐਕਵਾਇਰ ਹੋਣ ਤੋਂ ਤੁਰੰਤ ਬਾਅਦ ਸਬੰਧਤ ਵਿਭਾਗ ਦੇ ਨਾਂ ਦਰਜ ਕਰਾਉਣ ਬਾਰੇ।

ਹਵਾਲਾ: ਇਸ ਵਿਭਾਗ ਦਾ ਪੱਤਰ ਨੰ: 25/18/2018-ਭਮ-2/5585 ਮਿਤੀ 03-5-2018

ਵਿਸ਼ੇ ਦੇ ਸਬੰਧ ਵਿੱਚ ਮੈਨੂੰ ਆਪ ਦਾ ਧਿਆਨ ਹਵਾਲੇ ਅਧੀਨ ਪੱਤਰ ਵੱਲ ਦਿਵਾਉਣ ਦੀ ਹਦਾਇਤ ਹੋਈ ਹੈ, ਜਿਸ ਰਾਹੀ ਹਦਾਇਤ ਕੀਤੀ ਗਈ ਸੀ ਕਿ ਲੈਂਡ ਐਕੂਜੀਸ਼ਨ ਦੇ ਕੇਸਾਂ ਵਿੱਚ ਸਬੰਧਤ ਵਿਭਾਗ ਵੱਲੋ ਐਕਵਾਇਰ ਕੀਤੀ ਗਈ ਜਮੀਨ ਦੀ ਨੋਟੀਫਿਕੇਸ਼ਨ ਤਾਂ ਰਿਕਾਰਡ ਮੁਤਾਬਕ ਹੋ ਜ਼ਾਦੀ ਹੈ , ਪਰੰਤੂ ਸਬੰਧਤ ਵਿਭਾਗ ਵੱਲੋ ਜਮੀਨ ਦਾ ਇੰਤਕਾਲ ਆਪਣੇ ਨਾਂ ਦਰਜ ਨਹੀ ਕਰਵਾਇਆ ਜਾਂਦਾ। ਰਿਕਾਰਡ ਵਿੱਚ ਇੰਤਕਾਲ ਸਬੰਧਤ ਵਿਭਾਗ ਦੇ ਨਾਂ ਨਾ ਹੋਣ ਕਾਰਨ ਜਮੀਨ ਪੁਰਾਣੇ ਮਾਲਕਾਂ ਦੇ ਨਾਮ ਤੇ ਹੀ ਰਹਿ ਜਾਂਦੀ ਹੈ ਅਤੇ ਕਈ ਵਾਰ ਉਹੀ ਜਮੀਨ ਦੋਬਾਰਾ ਐਕਵਾਇਰ ਹੋ ਜਾਂਦੀ ਹੈ ਅਤੇ ਰਿਕਾਰਡ ਵਿੱਚ ਦਰਸਾਏ ਪੁਰਾਣੇ ਮਾਲਕ ਹੀ ਦੋਬਾਰਾ ਮੁਆਵਜਾ ਵੀ ਲੈ ਜਾਂਦੇ ਹਨ।

2. ਉਕਤ ਪੱਤਰ ਦੀ ਲਗਾਤਾਰਤਾ ਵਿੱਚ ਮੁੜ ਹਦਾਇਤ ਕੀਤੀ ਜਾਂਦੀ ਹੈ ਕਿ ਅਜਿਹਾ ਹੋਣ ਤੋਂ ਰੋਕਣ ਲਈ ਜਮੀਨ ਐਕਵਾਇਰ ਕਰਨ ਵਾਲੇ ਵਿਭਾਗ ਦੀ ਇਹ ਜਿੰਮੇਵਾਰੀ ਹੋਵੇਗੀ ਕਿ ਐਕੂਜੀਸ਼ਨ ਦੀ ਕਾਰਵਾਈ ਖਤਮ ਹੋਣ ਉਪਰੰਤ ਤੁਰੰਤ ਕਬਜਾ ਪ੍ਰਾਪਤ ਕਰੇ ਅਤੇ ਮਾਲ ਰਿਕਾਰਡ ਵਿੱਚ ਜਲਦੀ ਤੋ ਜਲਦੀ ਇੰਤਕਾਲ ਆਪਣੇ ਵਿਭਾਗ ਦੇ ਨਾਂ ਦਰਜ/ਪ੍ਰਵਾਨ ਕਰਵਾਏ।

3 ਸਬੰਧਤ ਸਰਕਲ ਰੈਵੀਨਿਊ ਅਫਸਰ ਇਹ ਯਕੀਨੀ ਬਣਾਉਣਗੇ ਕਿ ਅਜਿਹੇ ਇੰਤਕਾਲ ਪਹਿਲ ਦੇ ਆਧਾਰ ਤੇ ਤਸਦੀਕ ਕਰਨ। ਇਹ ਸਾਰਾ ਕੰਮ-ਉਪ ਮੰਡਲ ਮੈਜਿਸਟਰੇਟ ਦੀ ਨਿਗਰਾਨੀ ਹੇਠ ਨੇਪਰੇ ਚਾੜ੍ਹਿਆ ਜਾਵੇ। ਜੇਕਰ ਕਿਸੇ ਖਾਸ ਕੇਸ ਵਿੱਚ ਅੜਚਨ ਹੈ ਜਾਂ ਰੋਕੂ ਹੁਕਮ ਲਾਗੂ ਹੋਏ ਹਨ, ਤਾਂ ਉਸ ਸਬੰਧੀ ਵਿਸ਼ੇਸ਼ ਰਿਪੋਰਟ ਵੱਖਰੇ ਤੌਰ ਤੇ ਤਿਆਰ ਕੀਤੀ ਜਾਵੇ ਅਤੇ ਉਸ ਦਾ ਹੱਲ ਕੱਢਣ ਲਈ ਭਰਪੂਰ ਯਤਨ ਵੀ ਕੀਤੇ ਜਾਣ।

4. ਇਹ ਹਦਾਇਤਾਂ ਤੁਰੰਤ ਲਾਗੂ ਹੋਣਗੀਆਂ ਅਤੇ ਇਨ੍ਹਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

5. ਇਹ ਪੱਤਰ ਵਧੀਕ ਮੁੱਖ ਸਕੱਤਰ ਮਾਲ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾਂਦਾ ਹੈ।

ਸੁਪਰਡੰਟ ਗਰੇਡ-1

ਪਿ.ਅ.ਨੰ: : 25/18/18-ਭਮ-2/ 1862 ਚੰਡੀਗੜ,ਮਿਤੀ 16-2-23

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1. ਪੰਜਾਬ ਰਾਜ ਦੇ ਸਮੂਹ ਮੰਡਲ ਕਮਿਸ਼ਨਰ/ ਡਿਪਟੀ ਕਮਿਸ਼ਨਰ
2. ਸਮੂਹ ਉਪ ਮੰਡਲ ਮੈਜਿਸਟਰੇਟ, ਤਹਿਸੀਲਦਾਰ ਅਤੇ ਨਾਇਬ ਤਹਿਸੀਲਦਾਰ

ਸੁਪਰਡੰਟ ਗਰੇਡ-1

ਕਾਪੀ ਇੰਚਾਰਜ/ ਪੀ.ਐਲ.ਆਰ.ਸੋਸਾਇਟੀ ਨੂੰ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕਰਨ ਹਿੱਤ ।